ਆਈ.ਸੀ.ਏ.ਆਰ: ਭਾਰਤੀ ਖੇਤੀਬਾੜੀ ਖੋਜ ਸੰਸਥਾ ਨਰਮੇ-ਕਪਾਹ ਦੀ ਫ਼ਸਲ ਲਈ (23 ਸਤੰਬਰ ਤੋਂ 29 ਸਤੰਬਰ 2019) ਹਫ਼ਤੇ ਲਈ ਸਿਫ਼ਾਰਿਸ਼ਾਂ ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫ਼ਾਰਿਸ਼ਾਂ ਅਨੁਸਾਰ ਹਨ:

| | ਮੀਹਂ ਪਿਆ | | | | | ਪੈਣ ਦੀ ਸੰਭਾਵਨਾ | | | | | | ਸਲਾਹ |
|---|---|---|---|---|---|---|---|---|---|---|---|---|
| | ਸਤੰਬਰ | | | | | ਸਤੰਬਰ | | | | | | |
| ਮਿਤੀ | 19 | 20 | 21 | 22 | 23 | 24 | 25 | 26 | 27 | 28 | 29 | |
| **ਪੰਜਾਬ** | | | | | | | | | | | | |
| ਫਿਰੋਜ਼ਪੁਰ | | | | | | 0 | 0 | 0 | 0 | 0 | 4 | |
| ਫਰੀਦਕੋਟ | 0 | 0 | 0 | 0 | 0 | 0 | 0 | 0 | 0 | 0 | 0 | |
| ਮੁਕਤਸਰ | | | | | 0 | 0 | 0 | 0 | 0 | 0 | 0 | |
| ਬਠਿੰਡਾ | 0 | 0 | 0 | 22 | 2.2 | 0 | 0 | 0 | 0 | 0 | 0 | |
| ਸੰਗਰੂਰ | | | | | | 0 | 0 | 0 | 0 | 0 | 3 | |
| ਲੁਧਿਆਣਾ | 0 | 0 | 0 | 0 | 0 | 0 | 0 | 3 | 14 | 8 | 20 | |

ਬਠਿੰਡਾ ਵਿਖੇ ਫ਼ਸਲ 120-125 ਦਿਨਾਂ ਦੀ ਹੋ ਚੁੱਕੀ ਹੈ ਅਤੇ ਆਪਣੀ ਟੀਡੇਂ ਬਣਨ ਅਤੇ ਟੀਡੇ ਖਿੜਣ ਦੀ ਅਵਸਥਾ ਵਿੱਚ ਹੈ। ਚਿੱਟੀ ਮੱਖੀ ਦੀ ਗਿਣਤੀ 2-15 ਪ੍ਰਤੀ ਤਿੰਨ ਪੱਤੇ, ਤੇਲਾ 0-8 ਪ੍ਰਤੀ ਤਿੰਨ ਪੱਤੇ ਅਤੇ ਜੂੰ ਦੀ ਗਿਣਤੀ 0-12 ਪ੍ਰਤੀ ਤਿੰਨ ਪੱਤੇ ਹੈ। ਕੁਝ ਥਾਵਾਂ ਤੇ ਬਲਾਈਟ ਦੀ ਸਮੱਸਿਆ ਵੀ ਦੇਖੀ ਗਈ ਹੈ।

ਫਰੀਦਕੋਟ ਵਿਖੇ ਫ਼ਸਲ 133 ਦਿਨਾਂ ਦੀ ਹੋ ਚੁੱਕੀ ਹੈ ਅਤੇ ਟੀਡੇ ਲੱਗਣ ਦੀ ਅਵਸਥਾ ਵਿੱਚ ਹੈ। ਫ਼ਸਲ ਨੂੰ ਪਾਣੀ ਲਗਾ ਦਿੱਤਾ ਗਿਆ ਹੈ ਅਤੇ ਪੋਟਾਸ਼ੀਅਮ ਨਾਈਟਰੇਟ ਅਤੇ ਮੈਗਨੀਸ਼ੀਅਮ ਸਲਫੇਟ ਦਾ ਛਿੜਕਾਅ ਕਰ ਦਿੱਤਾ ਗਿਆ ਹੈ। ਰਸ ਚੂਸਣ ਵਾਲੇ ਕੀੜਿਆਂ ਦੀ ਗਿਣਤੀ ਆਰਥਿਕ ਕਗਾਰ ਤੋਂ ਥੱਲੇ ਹੈ। ਸਾਰੇ ਹੀ ਬੀ ਟੀ ਹਾਈਬਰਿਡਾਂ ਵਿੱਚ ਪੱਤਾ ਮਰੋੜ ਦੀ ਸਮੱਸਿਆ ਦੇਖੀ ਗਈ ਹੈ। ਕੁਝ ਥਾਵਾਂ ਤੇ ਪੱਤਿਆਂ ਦੇ ਧੱਬਿਆ ਦਾ ਰੋਗ ਵੀ ਦੇਖਣ ਨੂੰ ਮਿਲਿਆ ਹੈ।

ਸਲਾਹ: ਕਿਸਾਨਾਂ ਨੂੰ ਸਵੇਰੇ 10 ਵਜੇ ਤੋਂ ਪਹਿਲਾਂ ਆਪਣੇ ਖੇਤਾਂ ਦਾ ਸਰਵੇਖਣ ਕਰਨਾ ਚਾਹੀਦਾ ਹੈ। ਜੇਕਰ ਚਿੱਟੀ ਮੱਖੀ ਦੀ ਗਿਣਤੀ ਆਰਥਿਕ ਕਗਾਰ ਪਾਰ ਕਰਦੀ ਹੈ ਤਾਂ ਕਿਸਾਨਾਂ ਨੂੰ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ/ਏਕੜ ਜਾਂ ਈਥੀਆਨ 50 ਈ ਸੀ @ 800 ਮਿਲੀਲਿਟਰ/ ਏਕੜ ਦੇ ਛਿੜਕਾਅ ਦੀ ਸਲਾਹ ਦਿੱਤੀ ਜਾਂਦੀ ਹੈ। ਸਪਰੇਅ ਸਵੇਰੇ ਜਲਦੀ ਜਾਂ ਬਾਅਦ ਦੁਪਹਿਰ ਹੀ ਕਰੋ। ਕਿਸਾਨਾਂ ਨੂੰ ਵਿਸ਼ਾਣੂ ਰੋਗ ਦੇ ਵਾਧੇ ਨੂੰ ਰੋਕਣ ਲਈ ਚਿੱਟੀ ਮੱਖੀ ਨੂੰ ਕਾਬੂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਪੱਤਿਆਂ ਦੇ ਧੱਬਿਆਂ ਨੂੰ ਰੋਕਣ ਲਈ ਫ਼ਸਲ ਤੇ ਕਾਰਬਿਨਡਾਜਿਮ 50 ਡਬਲਯੂ ਪੀ 400 ਗ੍ਰਾਮ ਜਾਂ ਪਾਇਰਾਕਲੋਸਟਰੋਬਿਨ 20 ਪ੍ਰਤੀਸ਼ਤ ਡਬਲਯੂ ਜੀ 200 ਗ੍ਰਾਮ ਜਾਂ ਮੈਟੀਰਾਮ 55 ਪ੍ਰਤੀਸ਼ਤ+ਪਾਇਰਾਕਲੋਸਟਰੋਬਿਨ 5 ਪ੍ਰਤੀਸ਼ਤ ਡਬਲਯੂ ਜੀ 400 ਗ੍ਰਾਮ ਦਾ 200 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਬੈਕਟੀਰੀਅਨ ਬਲਾਈਟ ਨੂੰ ਕਾਬੂ ਕਰਨ ਲਈ. ਕਾਪਰ ਔਕਸੀਕਲੋਰਾਈਡ 400 ਗ੍ਰਾਮ + ਸਟਰੈਪਟੋਸਾਈਕਲਿਨ 20 ਗ੍ਰਾਮ ਦਾ 200 ਲਿਟਰ ਪਾਣੀ/ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

| ਹਰਿਆਣਾ | | | | | | | | | | | |
|---|---|---|---|---|---|---|---|---|---|---|---|
| ਹਿਸਾਰ | 0 | 0 | 0 | 0 | 0 | 0 | 0 | 4 | 0 | 0 | 0 |
| ਜੀਂਦ | | | | | | 0 | 0 | 0 | 0 | 6 | 0 |
| ਸਿਰਸਾ | | | | | | 0 | 0 | 0 | 0 | 0 | 0 |
| ਰੋਹਤਕ | 0 | 0 | 0 | 0 | 5 | 0 | 0 | 11 | 0 | 0 | 0 |

ਸਿਰਸਾ ਵਿਖੇ ਫ਼ਸਲ 120-130 ਦਿਨਾਂ ਦੀ ਹੋ ਚੁੱਕੀ ਹੈ ਅਤੇ ਆਪਣੀ ਟੀਂਡੇ ਖਿੜਨ ਦੀ ਅਵਸਥਾ ਵਿੱਚ ਹੈ। ਫ਼ਸਲ ਦੀ ਹਾਲਤ ਠੀਕ ਹੈ।ਚਿੱਟੀ ਮੱਖੀ ਦੀ ਔਸਤਨ ਗਿਣਤੀ 8.6-12 ਪ੍ਰਤੀ ਤਿੰਨ ਪੱਤੇ, ਜੂੰ ਦੀ ਗਿਣਤੀ 0-0.8 ਪ੍ਰਤੀ ਤਿੰਨ ਪੱਤੇ ਅਤੇ ਤੇਲੇ ਦੀ ਗਿਣਤੀ 0-1 ਪ੍ਰਤੀ ਤਿੰਨ ਪੱਤੇ ਹੈ। ਕੁਝ ਥਾਵਾਂ ਤੇ ਪੈਰਾਵਿਲਟ ਦਾ ਹਮਲਾ ਦੇਖਣ ਨੂੰ ਮਿਲਿਆ ਹੈ। ਕਿਸਾਨਾਂ ਦੇ ਖੇਤਾਂ ਵਿੱਚ ਹੁਣ ਤੱਕ ਗੁਲਾਬੀ ਸੁੰਡੀ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ ਹੈ। ਉਚਾਗ (ਜੀਂਦ) ਅਤੇ ਸ਼ਮਸਾਬਾਦ ਪੱਤੀ (ਸਿਰਸਾ) ਵਿਖੇ ਮਿਲ੍ਹਾਂ ਨੇੜੇ ਲਗਾਏ ਟਰੈਪਾਂ ਵਿੱਚ ਗੁਲਾਬੀ ਸੁੰਡੀ ਪਾਈ ਗਈ ਹੈ।

ਹਿਸਾਰ ਵਿਖੇ ਫ਼ਸਲ 134-154 ਦਿਨਾਂ ਦੀ ਹੋ ਚੁੱਕੀ ਹੈ ਅਤੇ ਆਪਣੀ ਟੀਂਡੇ ਖਿੜਨ ਦੀ ਅਵਸਥਾ ਤੇ ਹੈ। ਇਸ ਹਫ਼ਤੇ ਮੌਸਮ ਬੱਦਲਵਾਈ ਵਾਲਾ ਰਿਹਾ ਹੈ। ਕੁਝ ਥਾਵਾਂ ਤੇ ਨਰਮੇ ਦੀ ਚੁਗਾਈ ਸ਼ੁਰੂ ਹੋ ਚੁੱਕੀ ਹੈ। ਚਿੱਟੀ ਮੱਖੀ ਦੀ ਗਿਣਤੀ 7.1-24.9 ਬਾਲਗ/ਤਿੰਨ ਪੱਤੇ ਤੇ ਤੇਲੇ ਦੀ ਗਿਣਤੀ 0.0-3.4 ਨਿੰਫਸ ਪ੍ਰਤੀ ਤਿੰਨ ਪੱਤੇ ਹੈ। ਕਿਸੇ ਵੀ ਥਾਂ ਤੇ ਜੂੰ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ ਹੈ। ਰਾਤੇਰਾ ਅਤੇ ਮੁਜਾਦਪੁਰ ਵਿਖੇ ਫ਼ਸਲ ਉਤੇ ਕਾਲੀ ਉਲੀ ਦੇਖੀ ਗਈ ਹੈ।ਚਿੱਟੀ ਮੱਖੀ ਦੀ ਗਿਣਤੀ ਵੱਧ ਰਹੀ ਹੈ ਅਤੇ ਤੇਲੇ ਦੀ ਗਿਣਤੀ ਘੱਟ ਰਹੀ ਹੈ। ਪੱਤਾ ਮਰੋੜ ਰੋਗ ਦਾ ਹਮਲਾ ਵੀ ਘੱਟ ਦੇਖਣ ਨੂੰ ਮਿਲਿਆ ਹੈ। ਪੱਤਿਆਂ ਦੇ ਧੱਬਾ ਰੋਗ ਅਤੇ ਕਾਲੀ ਉਲੀ ਦਾ ਹਮਲਾ ਦੇਖਣ ਨੂੰ ਮਿਲਿਆ ਹੈ।

ਸਲਾਹ:

ਚਿੱਟੀ ਮੱਖੀ ਨੂੰ ਕਾਬੂ ਕਰਨ ਲਈ ਡਾਇਆਫੈਨਥੀਯੂਰੋਨ 50 ਡਬਲਯੂ ਸੀ @ 200 ਗ੍ਰਾਮ ਪ੍ਰਤੀ ਏਕੜ ਜਾਂ ਈਥੀਆਨ 50 ਪ੍ਰਤੀਸ਼ਤ ਈ ਸੀ 800 ਮਿਲੀਲਿਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇਕਰ ਚਿੱਟੀ ਮੱਖੀ ਅਤੇ ਤੇਲੇ ਦਾ ਇਕੱਠਾ ਹਮਲਾ ਹੁੰਦਾ ਹੈ ਤਾਂ ਕਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ /ਏਕੜ ਜਾਂ ਡਾਈਨੋਟੇਫੂਰਾਨ 20 ਪ੍ਰਤੀਸ਼ਤ ਐਸ ਜੀ 60 ਗ੍ਰਾਮ/ਏਕੜ ਦਾ ਛਿੜਕਾਅ ਕਰੋ। ਜੇਕਰ ਪੱਤਿਆਂ ਦੇ ਥੱਲੇ ਆਂਡੇ ਅਤੇ ਨਿੰਫਸ ਦੀ ਜ਼ਿਆਦਾ ਗਿਣਤੀ ਹੋਵੇ ਤਾਂ ਪਾਈਰੀਪਰੋਕਸੀਫਨ 10 ਪ੍ਰਤੀਸ਼ਤ ਈ ਸੀ (400-500 ਮਿਲੀਲਿਟਰ/ਏਕੜ) ਜਾਂ ਸਪਾਈਰੋਮੈਸੀਫੈਨ 22.9 ਪ੍ਰਤੀਸ਼ਤ ਐਸ ਸੀ (200 ਮਿਲੀਲਿਟਰ/ਏਕੜ) ਦੇ ਛਿੜਕਾਅ ਦੀ ਸਲਾਹ ਦਿੱਤੀ ਜਾਂਦੀ ਹੈ। ਦੇਸੀ ਕਪਾਹ ਵਿੱਚ ਜੇਕਰ ਚਿਤਕਬਰੀ ਸੁੰਡੀ ਦਾ ਹਮਲਾ ਮਿਲਦਾ ਹੈ ਤਾਂ ਸਪਾਈਨੋਸੇਡ 45 ਪ੍ਰਤੀਸ਼ਤ ਐਸ ਸੀ @ 75ਮਿਲੀਲਿਟਰ/ਏਕੜ ਜਾਂ ਇਨਡੋਕਸਾਕਾਰਬ 14.5 ਪ੍ਰਤੀਸ਼ਤ ਐਸ ਸੀ @ 200 ਮਿਲੀਲਿਟਰ ਦਾ 200 ਲਿਟਰ ਪਾਣੀ/ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਪੈਰਾਵਿਲਟ ਦਾ ਹਮਲਾ ਹੋਣ ਤੇ ਕਿਸਾਨਾਂ ਨੂੰ ਕੋਬਾਲਟ ਕਲੋਰਾਈਡ @ 1.0 ਗ੍ਰਾਮ/ 100 ਲਿਟਰ ਪਾਣੀ ਦੇ ਸਿਰਫ਼ ਪ੍ਰਭਾਵਿਤ ਬੂਟਿਆਂ ਤੇ ਛਿੜਕਾਅ ਦੀ ਸਲਾਹ ਦਿੱਤਮੀ ਜਾਂਦੀ ਹੈ। ਜੇਕਰ ਧੱਬਾ ਰੋਗ ਦਾ ਹਮਲਾ ਨਜ਼ਰ ਆਵੇ ਤਾਂ ਕਾਰਬਿਨਡਾਜਿਮ 50 ਡਬਲਯੂ ਪੀ 400 ਗ੍ਰਾਮ ਜਾਂ ਪਾਈਰਾਕਲੋਸਟਰੋਬਿਨ 20 ਪ੍ਰਤੀਸ਼ਤ ਡਬਲਯੂ ਜੀ 200 ਗ੍ਰਾਮ ਜਾਂ ਮੈਟੀਰਾਮ 55 ਪ੍ਰਤੀਸ਼ਤ + ਪਾਈਰਾਕਲੋਸਟਰੋਬਿਨ 5 ਪ੍ਰਤੀਸ਼ਤ ਡਬਲਯੂ ਜੀ

| | | | | | | | | | | | |
|---|---|---|---|---|---|---|---|---|---|---|---|
| | | | | | | | | | | | 400 ਗ੍ਰਾਮ ਦਾ 200 ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਜੇਕਰ ਕਿਸੇ ਵੀ ਨਾਨ ਬੀ ਟੀ ਜਾਂ ਬੀ ਜੀ 2 (ਮਿਲ੍ਹਾ ਦੇ ਨੇੜੇ) ਵਾਲੀਆਂ ਥਾਵਾਂ ਤੇ ਗੁਲਾਬੀ ਸੁੰਡੀ ਦਾ ਹਮਲਾ ਦਿਖਾਈ ਦੇਵੇ ਤਾਂ ਥਾਈਰੀਕਾਰਬ 75 ਡਬਲਯੂ ਪੀ @ 250 ਗ੍ਰਾਮ ਜਾਂ ਕਿਉਨਲਫਾਸ 20 ਏ ਐਫ @ 500 ਮਿਲੀਲਿਟਰ/ਏਕੜ ਦੇ ਛਿੜਕਾਅ ਕਰਨਾ ਚਾਹੀਦਾ ਹੈ। |

Rainfall (mm) Legend

| <5 | 5-20 | 21-50 | 51-80 | >80 |
|---|---|---|---|---|

0.0 mm rainfall (no rainfall)
Blank space express data not available.
Source: http://imdagrimet.gov.in